(ਅੰਮ੍ਰਿਤਾ ਸ਼ੇਰਗਿੱਲ ਦਾ ਜੀਵਨ-ਚਿੱਤਰ)

Date: / / Page

# ਅੰਮ੍ਰਿਤਾ ਸ਼ੇਰਗਿੱਲ

1. ★ ਜਾਣ-ਪਛਾਣ
2. ★ ਜਨਮ ਤੇ ਮਾਤਾ-ਪਿਤਾ
3. ★ ਬਚਪਨ
4. ★ ਪੈਰਿਸ ਵਿਚ
5. ★ ਪੈਰਿਸ 'ਚ ਰਹਿੰਦਿਆਂ ਭਾਰਤ ਦੀਆਂ ਯਾਦਾਂ
6. ★ ਅੰਮ੍ਰਿਤਾ ਦੀਆਂ ਪੇਂਟਿੰਗਾਂ
7. ★ ਪਿਤਾ ਦਾ ਵਿਰੋਧ ਤੇ ਅੰਮ੍ਰਿਤਾ ਦਾ ਭਾਰਤ ਆਉਣਾ
8. ★ ਭਾਰਤ ਦੀਆਂ ਲੋਕ ਕਲਾਵਾਂ ਪ੍ਰਤੀ ਮੋਹ
9. ★ ਟੈਗੋਰ ਤੇ ਬੰਗਾਲੀ ਸਕੂਲ
10. ★ ਪਿਤਾ ਦਾ ਪੋਰਟ੍ਰੇਟ
11. ★ ਵਿਆਹ ਕੀਵਾਣੀ
12. ★ ਸੁੰਦਰਤਾ ਤੇ ਅਸਲੀ ਪ੍ਰਗਟਾ
13. ★ ਪ੍ਰਭਾਵ
14. ★ ਔਰੰਗਾਬਾਦ ਵਿੱਚ
15. ★ ਦੱਖਣ ਦਾ ਪ੍ਰਭਾਵ
16. ★ ਆਣ ਪੀਣ
17. ★ ਵਿਆਹ
18. ★ ਇਕੱਲਾਪਣ ਤੇ ਉਦਾਸੀ
19. ★ ਲਾਹੌਰ ਵਿਚ
20. ★ ਦੇਹਾਂਤ

★ ਲੇਖਕ → ਬਲਵੰਤ ਗਾਰਗੀ

★ ਪੁਸਤਕ → ਪੰਜਾਬ ਦੇ ਮਹਾਨ ਕਲਾਕਾਰ

1. ਜਾਣ-ਪਛਾਣ :- ਅੰਮ੍ਰਿਤਾ ਸ਼ੇਰਗਿੱਲ ਇਕ ਚਿੱਤਰਕਾਰ ਸੀ। ਉਹ ਚਿੱਤਰ ਬਣਾਉਣ ਵਿੱਚ ਬਹੁਤ ਦਿਲਚਸਪੀ ਸੀ। ਚਿੱਤਰਕਾਰੀ ਕਰਕੇ ਹੀ ਉਸਨੂੰ ਜਗਤ ਵਿੱਚ ਪ੍ਰਸਿੱਧੀ ਪ੍ਰਾਪਤ ਹੋਈ। ਉਸਨੇ ਆਪਣੀ ਕਲਾ ਦੇ ਨਾਲ ਇਤਿਹਾਸ ਸਿਰਜਿਆ ਜਿਸਨੂੰ ਅਸੀਂ ਅੱਜ ਵੀ ਪੇਂਟਿੰਗਾਂ ਦੇ ਰੂਪ ਵਿੱਚ ਦੇਖ ਸਕਦੇ ਹਾਂ।

2. ਜਨਮ ਅਤੇ ਮਾਤਾ-ਪਿਤਾ → ਅੰਮ੍ਰਿਤਾ ਸ਼ੇਰਗਿੱਲ ਦਾ ਜਨਮ 30 ਜਨਵਰੀ 1913 ਨੂੰ ਉਮਰਾਓ ਸਿੰਘ ਦੇ ਘਰ ਹੋਇਆ। ਉਸਦੀ ਮਾਤਾ ਦਾ ਨਾਂ ਮੇਰੀ ਐਨਤੋਇਨ ਸੀ, ਜੋ ਕਿ ਹੰਗਰੀ ਔਰਤ ਸੀ। 1911 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਬਾਂਬਾ ਤੇ ਮੇਰੀ ਐਨਤੋਇਨ ਸਿਮਲੇ ਆਈਆਂ, ਜਦ ਉਹ ਉਮਰਾਉ ਸਿੰਘ ਨੂੰ ਮਿਲੀਆਂ ਤਾਂ ਉਮਰਾਊ ਸਿੰਘ ਅਤੇ ਮੇਰੀ ਨੇ ਇੱਕ-ਦੂਜੇ ਨੂੰ ਪਸੰਦ ਕਰ ਲਿਆ। ਕੁਝ ਦਿਨ ਪਿਛੋਂ ਇਨ੍ਹਾਂ ਵਿਆਹ ਕਰਵਾ ਲਿਆ ਅਤੇ ਬੁਡਾਪੈਸਟ ਆ ਗਏ। ਇੱਥੇ ਹੀ ਉਨ੍ਹਾਂ ਘਰ ਅੰਮ੍ਰਿਤਾ ਸ਼ੇਰਗਿੱਲ ਨੇ ਜਨਮ ਲਿਆ ਅਤੇ 14 ਮਹੀਨੇ ਬਾਅਦ ਉਨ੍ਹਾਂ ਘਰ ਇੱਕ ਹੋਰ ਪੁੱਤਰੀ ਇੰਦੂ ਨੇ ਜਨਮ ਲਿਆ।

3. ਬਚਪਨ :- ਅੰਮ੍ਰਿਤਾ ਸ਼ੇਰਗਿੱਲ ਦੇ ਜਨਮ ਤੋਂ ਕੁਝ ਮਹੀਨੇ ਬਾਅਦ ਪਹਿਲਾ ਮਹਾਂ ਯੁੱਧ ਛਿੜ ਚੁੱਕਾ ਸੀ। ਸ਼ੇਰਗਿੱਲ ਪਰਿਵਾਰ ਬੁਡਾਪੈਸਟ ਵਿੱਚ ਹੀ ਰਿਹਾ। ਉਸਨੂੰ ਸਕੂਲ ਨਹੀਂ ਸੀ ਭੇਜਿਆ। ਘਰ ਵਿੱਚ ਹੀ ਉਸ ਲਈ ਟਿਊਟਰ ਦਾ ਪ੍ਰਬੰਧ ਕੀਤਾ ਗਿਆ। 8 ਸਾਲ ਤੱਕ ਉਸਨੇ ਕੇਵਲ ਹੰਗਰੀ ਜ਼ੁਬਾਨ ਹੀ ਸਿੱਖੀ ਜੋ ਕਿ ਉਸਦੀ ਮਾਤ ਭਾਸ਼ਾ ਸੀ।

4. ਪੈਰਿਸ ਵਿੱਚ → 1929 ਵਿੱਚ ਸ਼ੇਰਗਿੱਲ ਪੈਰਿਸ ਚਲਾ ਗਿਆ। ਅੰਮ੍ਰਿਤਾ ਨੇ ਥੋੜ੍ਹੇ ਸਮੇਂ ਵਿਚ ਹੀ ਫਰੈਂਚ ਸਿੱਖ ਲਈ। ਇਹ ਜਲਦੀ ਹੀ ਉਸ ਦੇ ਜੀਵਨ ਵਿਚ ਰਚ ਗਈ। ਅੰਮ੍ਰਿਤਾ ਦੀ ਮਾਂ ਆਪਣੇ ਘਰ ਵਿੱਚ ਲੇਖਕਾਂ, ਸੰਗੀਤਕਾਰਾਂ ਤੇ ਪੇਂਟਰ ਦੀਆਂ ਪਾਰਟੀਆਂ ਦਾ ਪ੍ਰਬੰਧ ਕਰਦੀ ਅਤੇ ਉਨ੍ਹਾਂ ਨਾਲ ਆਪਣੀ ਧੀ ਦੀ ਜਾਣ-ਪਛਾਣ ਕਰਵਾਉਂਦੀ, ਪਰ ਅੰਮ੍ਰਿਤਾ ਨੇ ਪਰੰਪਰਾਗਤ ਕੀਮਤਾਂ ਨੂੰ ਤੋੜ ਕੇ ਨਵੇਂ ਉੱਤਰਦੇ ਨਾਟ-ਘਰਾਂ ਅਤੇ ਆਰਟ-ਸਟੂਡੀਓ ਵਿੱਚ ਜਾਣ ਨੂੰ ਤਰਜੀਹ ਦਿੱਤੀ। ਪੈਰਿਸ ਵਿਚ (1929-34) ਉਸਨੇ ਜੀਵਤ ਮਾਡਲਾਂ ਨੂੰ ਆਪਣੇ ਸਾਹਮਣੇ ਰੱਖ ਕੇ ਦੋਸਤਾਂ ਨਾਲ ਸੈਂਕੜੇ ਹੀ ਨਗਨ ਚਿੱਤਰ ਬਣਾਏ, ਪਰ ਸਾਰੇ ਵਿਸ਼ੇ ਤੇ ਰੂਪ ਦੇ ਪੱਖੋਂ ਪੱਛਮੀ ਸਨ। ਆਪਣੇ ਖ਼ੂਬਸੂਰਤ ਜਿਸਮ ਤੋਂ ਚੇਤਨ ਸਰੀਰਿਆਂ ਉਸਨੇ ਆਪਣੇ ਸਵੈ-ਨਗਨ ਚਿੱਤਰ ਵੀ ਬਣਾਏ। ਉਸਨੇ ਨੌਜਵਾਨ ਲੜਕਿਆਂ ਦੇ ਨਾਲ ਦੋਸਤੀ ਪਾਈ। ਇਹ ਸੰਗੀਤਕਾਰਾਂ ਅਤੇ ਪੇਂਟਰ ਦੀਆਂ ਮਹਿਫ਼ਲਾਂ ਵਿੱਚ ਖੂਬ ਚਮਕਦੀ ਸੀ। ਪੈਰਿਸ ਵਿੱਚ ਰਹਿੰਦਿਆਂ ਉਸਨੇ ਆਪਣੇ ਆਪ ਨੂੰ ਪੂਰਨ ਭਾਰਤ ਵਿਚ ਪ੍ਰਸਿੱਧ ਕਰ ਦਿੱਤਾ।

5. ਅੰਮ੍ਰਿਤਾ ਦੀਆਂ ਪੇਂਟਿੰਗਾਂ :- ਅੰਮ੍ਰਿਤਾ ਨੇ ਬਹੁਤ ਸਾਰੇ ਚਿੱਤਰ ਬਣਾਏ। ਜਿਨ੍ਹਾਂ ਕਰਕੇ ਉਸਨੇ ਪੂਰੇ ਸੰਸਾਰ ਵਿੱਚ ਪ੍ਰਸਿੱਧੀ ਹਾਸਿਲ ਕੀਤੀ। ਜਿਨ੍ਹਾਂ ਵਿਚ ਸੱਜ-ਵਿਆਹੀਆਂ ਵਿਸਤੀਆਂ, ਬ੍ਰਹਮਚਾਰੀ, ਮੰਡੀ ਨੂੰ ਜਾਂਦੇ ਕਿਸਾਨ, ਕਮਰੇ ਮਾਡਲ, ਵਿਚਾਰੇ ਘਰ ਵਾਲੀ ਪਹਾੜੀ-ਨਾਰੀ ਔਰਤ,

ਪੇਂਟਿੰਗਾਂ ਦੀ 1937 ਵਿਚ ਲਾਹੌਰ ਦੇ ਫਲੈਟੀਜ਼ ਹੋਟਲ ਦੇ ਕਮਰਾ ਨਾਲ ਵਿਚ ਲੱਗੀ ਨੁਮਾਇਸ਼, ਜਿਸਨੂੰ ਵੇਖਣ ਲਈ ਬਲਵੰਤ ਸਿੰਘ ਵੀ ਗਿਆ ਸੀ, ਇਕ ਅੰਮ੍ਰਿਤਾ ਸਿਤਾਰੇ ਵਾਂਗ ਚਮਕ ਰਹੀ ਸੀ। ਉਸ ਨੇ ਬਹੁਤ ਸੋਹਣੀ ਸਾੜ੍ਹੀ ਪਾਈ ਹੋਈ ਸੀ। ਇਸ ਨੁਮਾਇਸ਼ ਵਿੱਚ ਬਲਵੰਤ ਗਾਰਗੀ ਨੇ ਉਸਦੇ ਬਣਾਏ ਹੋਏ ਅਨੇਕਾਂ ਚਿੱਤਰ ਵੇਖੇ। ਜਿਵੇਂ ਕਿ ਇਸਤਰੀਆਂ ਦੇ ਉਦਾਸ ਚਿਹਰੇ, ਸੁਸਤੀ ਤੇ ਕਾਲ ਕਲੂਟੀਆਂ ਇਸਤਰੀਆਂ, ਹਾਥੀ, ਫਕੀਰ, ਝੁਟੀਆਂ, ਸੰਗੀਤਕਾਰ ਭਿਖਾਰੀ ਆਦਿ ਲੋਕਿਕ ਔਰਤਾਂ ਦੇ ਚਿੱਤਰ ਵੀ ਬਣਾਏ। ਉਸਦੀ (13)
ਪੇਂਟਿੰਗ ਜਵਾਨ ਨੂੰ ਪੈਰਿਸ ਵਿਚ 1933 ਵਿਚ ਗੋਲਡ ਮੈਡਲ ਮਿਲਿਆ। ਉਸਨੂੰ ਫੈਲੋ ਐਸੋਸੀਏਟ ਚੁਣਿਆ ਗਿਆ। 1935-37 ਦੇ ਦਰਮਿਆਨ ਉਸਨੇ 'ਤ੍ਰੈਕੁੜੀਆਂ' ਦੇ ਨਾ ਦੀ ਇਕ ਪੇਂਟਿੰਗ ਬਣਾਈ ਸੀ। ਉਸਨੇ ਸ਼ਿਮਲੇ ਵਿਚ ਆਪਣੇ ਸ਼ਾਂਤਮਈ ਚਿੱਤ, ਲੰਮੀ ਦਾੜ੍ਹੀ ਵਾਲੇ ਆਪਣੇ ਬਜ਼ੁਰਗ ਪਿਤਾ ਦਾ ਪੋਰਟ੍ਰੇਟ ਬਣਾਇਆ। ਇਸਤੋਂ ਇਲਾਵਾ ਉਸਨੇ ਮੰਡੀ ਨੂੰ ਜਾਂਦੇ ਜਾਂ ਅਫ਼ਰੀਕੇ ਕਿਸਾਨਾਂ ਦੇ ਚਿੱਤਰ ਬਣਾਏ। ਉਹ ਇੰਨੀ ਦਲੇਰ, ਖੁੱਲ੍ਹੇ ਵਿਚਾਰਾਂ ਵਾਲੀ ਇਸਤਰੀ ਸੀ ਕਿ ਉਸਨੇ ਆਪਣੇ ਹੀ ਅਰਧ-ਨਗਨ ਚਿੱਤਰ ਬਣਾਏ ਸਨ। ਇਸ ਤੋਂ ਇਲਾਵਾ ਉਸਦੇ ਪਹਾੜ ਦੇ ਲੋਕ, ਉਨ੍ਹਾਂ ਦੀਆਂ ਪਤਨੀਆਂ ਅਤੇ ਬੱਚੇ ਉਸ ਲਈ ਸਾਥੀਆਂ ਵਾਂਗ ਸਨ। ਉਸਨੇ ਉਹਨਾਂ ਦੇ ਵੀ ਕਈ ਚਿੱਤਰ ਬਣਾਏ ਸਨ। ਉਸਨੇ ਆਪਣੇ ਚਿੱਤਰਾਂ ਵਿਚ ਗਰੀਬਾਂ ਦੀ ਗਰੀਬੀ, ਮਜ਼ਦੂਰਾਂ ਦੀ ਤਰਸਮਈ ਹਾਲਤ, ਕੰਮ ਕਾਰਨ ਹੋਏ ਥਕੇਵਿਆਂ ਨੂੰ ਪੇਂਟਿੰਗ ਦੇ ਜ਼ਰੀਏ ਸਭਨਾਂ ਦੇ ਸਾਹਮਣੇ ਲਿਆ ਕੇ ਖੜ੍ਹਾ ਕਰ ਦਿੱਤਾ। ਉਸਦੀਆਂ ਪੇਂਟਿੰਗਾਂ ਦੇ ਵੇਖ ਕੇ ਇਉਂ ਲੱਗਦਾ ਜਿਵੇਂ ਸਾਹਮਣੇ ਕੋਈ ਇਨਸਾਨ ਦਾ ਚਿੱਤਰ ਨਹੀਂ, ਬਲਕਿ ਉਹ ਇਨਸਾਨ ਆਪ ਖੜ੍ਹਾ ਹੈ। ਜਿਹੀ ਡੂੰਘਾਈ ਸੀ, ਉਸਦੇ ਚਿੱਤਰਾਂ ਵਿਚ।

6. ਯੌਰਪ ਵਿੱਚ ਗਵਾਚਿਆਂ ਭਾਰਤ ਦੀ ਯਾਦ ਤੇ ਖਿੱਚ:

ਭਾਵੇਂ ਅੰਮ੍ਰਿਤਾ ਯੌਰਪ ਦੀ ਜ਼ਿੰਦਗੀ ਵਿੱਚ ਖੁਸ਼ ਮਿਲ ਗਈ ਸੀ, ਪਰ ਉਸਦੇ ਦਿਲ ਵਿੱਚ ਹਰ ਹਰ ਵੇ ਭਾਰਤ ਦੇ ਖਿਆਲ ਆਉਂਦੇ। ਉਸਨੂੰ ਭਾਰਤ ਦਾ ਸਾਰਾ ਵਾਤਾਵਰਨ, ਉੱਥੇ- ਉਥੇ ਪਹਾੜ, ਝੀਲਾਂ, ਦਰਿਆ, ਨਦੀਆਂ - ਨਾਲੇ, ਖਲੀਆਂ ਜਾਵਾਂ, ਫੁੱਲ ਅਤੇ ਖੁਲ੍ਹੇ ਮੈਦਾਨ ਚੇਤੇ ਆਉਂਦੇ। ਉਸਨੂੰ ਉਦਾਸ ਚਿਹਰੇ, ਸਾਂਵਲੇ ਜਿਸਮ, ਪੱਧਰਾਨ ਵਿਹੜਿਆਂ ਵਿੱਚ ਤਸੂ ਤਸੂ ਕਰਦੀਆਂ ਤੀਵੀਆਂ, ਵਿਲਾਸੇਂ ਅਤੇ ਤੇ ਤਾਰਾਂ ਛੇਗੀ ਤਮਕੀ ਜੇਠ ਫੁਕੀ ਗਰੀਬੀ, ਉਹ ਰੋਗਾਂ ਤੇ ਮੌਤਗਾਲਿਆਂਨੀ ਦੇ ਧਾਮ ਤੌਰ ਤੇ ਪ੍ਰਸੀਸਰ ਸੀ, ਜਿਨ੍ਹਾਂ ਦੀ ਕਥਾ ਵਿੱਚ ਉਸਨੇ ਏਸ਼ਿਆਈ ਤੌਰਾਂ ਦੀ ਛਲਕ ਵੇਖੀ ਸੀ। ਉਹ ਯੌਰਪ ਛੱਡ ਕੇ ਭਾਰਤ ਪਰਤ ਆਉਣਾ ਚਾਹੁੰਦੀ ਸੀ। ਉਸਨੇ 1934 ਵਿੱਚ ਸਾਥੀਆਂ ਨੂੰ ਲਿਖੇ ਇਕ ਚਿੱਠੀ ਜਿਸ ਵਿੱਚ ਉਸਨੇ ਕਿਹਾ ਏਸ਼ਿਆਈ ਅਜੰਤਾ ਦਾ ਇਕ ਰੰਗ ਚਿੱਤਰ ਉਸ ਨੂੰ ਸੂਰਜ ਦੇ ______ ਸਾਗਰਨ ਨਾਲੋਂ ਕਿਤੇ ਜ਼ਿਆਦਾ ਸਤੌਤਵਪੂਰਨ ਲੱਗਦਾ ਹੈ। ਉਸਨੇ ਆਪਣੇ ਸਾਥਿਆਂ ਨੂੰ ਦੱਸਿਆ ਕਿ ਉਹ ਭਾਰਤ ਪਰਤ ਆਉਣਾ ਚਾਹੁੰਦੀ ਹੈ।

7. ਪਿਤਾ ਦਾ ਵਿਰੋਧ ਅਤੇ ਅੰਮ੍ਰਿਤਾ ਦਾ ਭਾਰਤ ਪਰਤਣਾ:

ਉਸਦੇ ਪਿਤਾ ਉਮਰਾਓ ਸਿੰਘ ਨੂੰ ਆਪਣੇ ਉੱਚੇ ਖਾਨਦਾਨ ਦਾ ਬੜਾ ਮਾਣ ਸੀ। ਉਹ ਪਰੰਪਰਾਗਤ ਕਦਰਾਂ ਦਾ ਸਮਰਥਕ ਸੀ। ਉਸਨੂੰ ਡਰ ਸੀ ਕਿ ਉਸਦੀ ਧੀ ਜਿਸਨੇ ਆਪਣੇ ਅਜਨਬੀ-ਜਗਤ

ਜਿੱਤਣ ਵਾਲੇ ਸਨ ਤੇ ਧਰਮ ਤੋਂ ਬੇਮੁੱਖ ਸੀ, ਇੱਥੇ ਆ ਕੇ ਉਸਦੇ ਸੱਚ ਤੇ ਕਲਾ ਰੂਪਾਂ ਦੇ ਉਸਦੇ ਜੀਵਨ ਦੀ ਸ਼ਾਂਤੀ ਭੰਗ ਨਾ ਕਰ ਦੇਵੇ, ਸੋ ਉਸਨੇ ਉਸਨੂੰ ਭਾਰਤ ਆਉਣ ਤੋਂ ਰੋਕਿਆ, ਪਰ ਅੰਮ੍ਰਿਤਾ ਨੇ ਆਪਣੇ ਪਿਤਾ ਦੀ ਇੱਛਾ ਦੇ ਵਿਰੁੱਧ ਜਾ ਕੇ ਭਾਰਤ ਆਉਣ ਦਾ ਪੱਕਾ ਨਿਸ਼ਚਾ ਕਰ ਲਿਆ ਅਤੇ ਜਲਦੀ ਹੀ ਭਾਰਤ ਪਰਤ ਆਈ। ਇਹ ਸਮਾਂ 1935 ਦਾ ਸੀ ਉਹ ਆਪਣੇ ਯੂਰਪੀਨ ਪਿਛੋਕੜ ਨੂੰ ਪਿੱਛੇ ਹੀ ਛੱਡ ਆਈ ਸੀ। ਉਸ ਨੇ ਭਾਰਤੀ ਜ਼ਿੰਦਗੀ ਤੇ ਕੁਦਰਤੀ ਦ੍ਰਿਸ਼ਾਂ ਨੂੰ ਸਮਕਾਲੀ ਰੰਗਾਂ ਦੀ ਭਾਸ਼ਾ ਵਿਚ ਚਿਤਰਿਆ। ਉਸਨੇ ਸਮਕਾਲੀ ਭਾਰਤ ਦੀਆਂ ਕਲਾਵਾਂ ਵਿਚ ਵਿਕਾਸ ਲਿਖਿਆ। ਉਸਨੂੰ ਬੰਗਾਲ ਦੇ ਇਕ ਸਕੂਲ ਦੀਆ ਪੇਂਟਿੰਗ ਦਾ ਆਧੁਨਿਕ ਅੱਧ ਮੰਨਿਆ ਗਿਆ।

8. ਭਾਰਤ ਦੀਆਂ ਲੋਕ ਕਲਾਵਾਂ ਪ੍ਰਤੀ ਮੋਹ:- ਅੰਮ੍ਰਿਤਾ ਨੂੰ ਭਾਰਤ ਦੀਆਂ ਲੋਕ ਕਲਾਵਾਂ, ਦ੍ਰਿਸ਼ਕਾਰੀਆਂ ਤੇ ਪੱਛੀ ਉੱਤੇ ਬੁੱਧ ਧਰਮ ਦੀ ਖ਼ੂਬਸੂਰਤੀ ਨੇ ਮੋਹ ਲਿਆ। ਉਸਨੂੰ ਹਿੰਦੁਸਤਾਨ ਦੇ ਲੋਕਾਂ ਵਿੱਚ ਵਿਦੇਸ਼ੀ ਚੀਜ਼ਾਂ ਦੀ ਪਿਛ ਦੇਖਕੇ ਬੜੀ ਹੈਰਾਨੀ ਹੋਈ। ਉਹ ਹਿੰਦੁਸਤਾਨ ਦੇ ਕੱਪੜਿਆਂ ਨੂੰ ਵਿਦੇਸ਼ੀ ਕੱਪੜਿਆਂ ਨਾਲੋਂ ਵਧੇਰੇ ਖ਼ੂਬਸੂਰਤ ਮੰਨਦੀ ਸੀ। ਉਹ ਆਪਣੀ ਦੁਆਰਾ ਉਸਨੂੰ ਸਾੜੀ ਵਿੱਚ ਜਾਣ ਤੇ ਬੰਦਿਸ਼ ਲੱਗਣ ਸੀ ਕਿਉਂਕਿ ਉਸਦੀ ਸਾਂਝੀ ਭਾਰਤੀ ਪੁਸ਼ਾਕ ਨੂੰ ਪਸੰਦ ਨਹੀਂ ਸੀ ਕਰਦੀ। ਪਰ ਭਾਰਤ ਪਰਤ ਕੇ ਅੰਮ੍ਰਿਤਾ ਸ਼ੇਰਗਿੱਲ ਆਪ ਹੀ ਪੱਛਮੀ ਪਹਿਰਾਵੇ ਨੂੰ ਤਿਆਗ ਕੇ ਸਾੜੀ ਤੇ ਬਲਾਊਜ਼ ਪਹਿਨਣ ਲੱਗ ਪਈ।

9. **ਟੈਗੋਰ ਤੇ ਬੰਗਾਲੀ ਸਕੂਲ :-** ਅੰਮ੍ਰਿਤਾ ਸ਼ੇਰਗਿਲ ਰਾਬਿੰਦਰਨਾਥ ਟੈਗੋਰ ਨੂੰ ਇੱਕ ਪੇਂਟਰ ਦੇ ਤੌਰ ਤੇ ਬਹੁਤ ਪਸੰਦ ਕਰਦੀ ਸੀ, ਜੋ ਕਿ ਆਪਣੇ ਸਮੇਂ ਤੋਂ ਕਿਤੇ ਅੱਗੇ ਸੀ। ਪਰ ਅੰਮ੍ਰਿਤਾ ਨੇ ਬੰਗਾਲੀ ਸਕੂਲ ਨੂੰ ਖਿਲਾਫ਼ ਹੋ ਕੇ ਦਿੱਤਾ। ਉਹ ਕਹਿੰਦੀ ਸੀ ਕਿ ਅੱਜ ਦੀ ਭਾਰਤੀ ਚਿੱਤਰਕਾਰਾਂ ਦੀ ਜ਼ਿੰਮੇਵਾਰੀ ਬੰਗਾਲੀ ਸਕੂਲ ਦੇ ਸਿਰ ਤੇ ਹੈ, ਜਿਸਦੇ ਸਿਧਾਂਤਾਂ ਨੇ ਸਿਰਜਣਾਤਮਿਕ ਸ਼ਕਤੀ ਨੂੰ ਦੇ ਆਧਾਰ ਤੇ ਖ਼ਤਮ ਕਰ ਸੁੱਟਿਆ ਹੈ।

10. **ਪਿਤਾ ਦਾ ਪੋਰਟ੍ਰੇਟ :—** 1935-37 ਦੇ ਸਮੇਂ ਉਸਨੇ 'ਤਿੰਨ ਕੁੜੀਆਂ' ਨਾਂ ਦੀ ਪੇਂਟਿੰਗ ਬਣਾਈ, ਜਿਸ ਵਿੱਚ ਪੱਛਮ ਤਕਨੀਕ ਤੇ ਸ਼ੈਲੀ ਅਤੇ ਪੰਜਾਬੀ ਔਰਤਾਂ ਦੇ ਭੜਕੀਲੇ ਦਾ ਸੁੰਦਰ ਸੁਮੇਲ ਸੀ। ਇਸ ਸਮੇਂ ਹੀ ਉਸ ਨੇ 'ਪਹਾੜੀ ਮਰਦ' ਤੇ 'ਪਹਾੜੀ ਔਰਤ' ਸਾਕਾਰ ਕੀਤੇ। ਇਸ ਸਮੇਂ ਦੌਰਾਨ ਉਸਨੇ ਸ਼ਾਂਤ ਚਿੱਤ, ਲੰਮੀ ਦਾੜ੍ਹੀ ਵਾਲੇ ਆਪਣੇ ਪਿਤਾ ਦਾ ਪੋਰਟ੍ਰੇਟ ਬਣਾਇਆ। 1950 ਵਿੱਚ ਜਦੋਂ ਲੇਖਕ ਉਜਾਗਰ ਸਿੰਘ ਨੂੰ ਮਿਲਿਆ, ਤਾਂ ਉਸਨੇ ਲੇਖਕ ਨੂੰ ਦੱਸਿਆ ਕਿ ਉਸਨੇ ਆਪਣੀ ਧੀ ਦੀਆਂ ਪੇਂਟਿੰਗਾਂ ਭਾਰਤ ਸਰਕਾਰ ਨੂੰ ਤੋਹਫ਼ੇ ਵਜੋਂ ਦੇ ਦਿੱਤੀਆਂ ਸਨ। ਉਸਨੇ ਦੱਸਿਆ ਕਿ ਨੈਸ਼ਨਲ ਆਰਟ ਗੈਲਰੀ ਵਿੱਚ ਉਸ ਦੀਆਂ ਪੇਂਟਿੰਗਾਂ ਲਈ ਇੱਕ ਸਪੈਸ਼ਲ ਸੈਕਸ਼ਨ ਰੱਖ ਦਿੱਤਾ ਗਿਆ। ਉਸਨੇ ਦੱਸਿਆ ਕਿ ਇੱਕ ਵਾਰ ਪੈਰਿਸ ਵਾਲਿਆਂ ਨੇ ਉਨ੍ਹਾਂ ਪੇਂਟਿੰਗਾਂ ਦੇ ਮੂੰਹ ਮੰਗੇ ਪੈਸੇ ਦੇਣੇ ਚਾਹੇ, ਪਰ ਉਸਨੇ ਮਨ੍ਹਾ ਕਰ ਦਿੱਤਾ ਸੀ ਕਿ ਉਸ ਧੀਆਂ (ਅੰਮ੍ਰਿਤਾ ਦੀਆਂ) ਪੇਂਟਿੰਗਾਂ ਦਾ ਕੋਈ ਮੁੱਲ ਨਹੀਂ ਪਾ ਸਕਦਾ।

11. ਵਿਅਕਤੀਵਾਦੀ :→ ਅੰਮ੍ਰਿਤਾ ਵਿਅਕਤੀਵਾਦੀ ਸੀ ਤੇ ਉਹ ਕਲਾ-ਖੇਤਰ ਵਿੱਚ ਨਵੇਂ ਤਰੀਕੇ ਵਰਤ ਰਹੀ ਸੀ. ਜਿਸ ਨੂੰ ਕਈ ਲੋਕਾਂ ਨੇ 'ਗੈਰ-ਜ਼ਿੰਮੇਵਾਰੀ' ਕਿਹਾ ਪਰ ਪ੍ਰਤਿਭਾਸ਼ਾਲੀ ਤੌਰ ਤੇ ਇਹ ਤਰੀਕੇ ਭਾਰਤੀ ਹੀ ਸੀ। ਉਸ ਦਾ ਵਿਸ਼ਵਾਸ ਸੀ ਕਿ ਜਿਸ ਪੇਂਟਿੰਗ ਵਿੱਚ ਵਿਸ਼ੇ ਦੀ ਕੋਈ ਮਹੱਤਤਾ ਨਹੀਂ ਹੁੰਦੀ, ਸਗੋਂ ਪੇਂਟਿੰਗ ਆਪਣੇ ਆਪ ਵਿੱਚ ਪ੍ਰਾਥਮਿਕ ਮਹੱਤਵ ਰੱਖਣ ਵਾਲੀ ਹੁੰਦੀ ਹੈ। ਜਿਹੜੀਆਂ ਪੇਂਟਿੰਗਾਂ ਕਿਸੇ ਕਹਾਣੀ ਨੂੰ ਦੱਸਦੀਆਂ ਹਨ, ਉਨ੍ਹਾਂ ਨੂੰ ਉਹ ਘਟੀਆ ਸਮਝਦੀ ਸੀ। ਉਸਦਾ ਵਿਸ਼ਵਾਸ ਸੀ ਕਿ ਕਲਾਕਾਰ ਕੈਨਵਸ ਤੀਕ ਕਾਗਜ਼ ਤੇ ਅਨੁਭਵ ਦਾ ਸੰਚਾਰ ਕਰਦਾ ਹੈ। ਇਹ ਸੰਚਾਰ ਸਿਰਫ ਸਾਹਿਤਿਕ ਪੱਧਰ ਤੇ ਨਹੀਂ, ਸਗੋਂ ਅਜਿਹੇ ਪੱਧਰ ਤੇ ਹੈ, ਜਿਥੇ ਘਟੀਆ ਭਾਵੁਕਤਾ ਪ੍ਰਵੇਸ਼ ਦੀ ਕੋਈ ਗੁੰਜਾਇਸ਼ ਨਹੀਂ, ਸਗੋਂ ਇਹ ਰੂਪੀ ਬਾਹਰ ਮਹੱਤਤਾ ਰੱਖਦਾ ਹੈ, ਰੇਖਾ, ਰੰਗ ਤੇ ਡੀਜ਼ਾਇਨ। ਉਹ ਕੇਵਲ ਸਿੱਧਾਂਤ ਤੇ ਵੀਰਗਾਥਾ ਤੋਂ ਪ੍ਰੇਰਣਾ ਲੈਣ ਵਾਲੀ ਆਲੋਚਕ ਸੀ।

12. ਸੁਪਨਮਈ ਅਤੇ ਅਮੀਰ ਪਹਿਰਾਵਾ :- ਦੋ ਭੈਣਾਂ ਅੰਮ੍ਰਿਤਾ ਦੀਆਂ ਵੱਡੀ ਹੋ ਰਹੀਆਂ। ਉਸਦੀ ਸੁਪਨਮਈ ਅਤੇ ਅਮੀਰ ਪਹਿਰਾਵਾ। ਕਈਆਂ ਨੇ ਇਸਨੂੰ ਉਸਦੀ ਸਫਲਤਾ ਦਾ ਰਾਜ਼ ਸਮਝਿਆ। ਇਸ ਦੀ ਉਸਦੇ ਮਨ ਨੂੰ ਗਹਿਰੀ ਠੇਸ ਪਹੁੰਚੀ ਸੀ। ਜਦੋਂ ਲੋਕ ਉਸ ਦੀ ਗਲਤ ਗੱਲ ਕਰਕੇ ਤਾਰੀਫ ਕਰਦੇ, ਜਾਂ ਉਸਦੀ ਕਿਸੇ ਘਟੀਆ ਪੇਂਟਿੰਗ ਦੀ ਤਾਰੀਫ ਕਰਦੇ ਤਾਂ ਉਸਨੂੰ ਬਹੁਤ ਗੁੱਸਾ ਚੜ੍ਹਦਾ। ਇਸੇ ਕਰਕੇ 1935 ਵਿੱਚ

ਜਦੋਂ ਸਿਮਲਾ ਆਰਟ ਸੁਸਾਇਟੀ ਵੱਲੋਂ ਸ਼ਾਹੀ ਪ੍ਰਦਰਸ਼ਨੀ ਦੇ ਜੱਜਾਂ ਨੇ ਉਸਦੀਆਂ ਪੰਜ ਸ੍ਰੇਸ਼ਟ ਪੇਂਟਿੰਗਾਂ ਰੱਦ ਕਰਕੇ ਉਸਦੀ ਇੱਕ ਘਟੀਆ ਪੇਂਟਿੰਗ ਨੂੰ ਇਨਾਮ ਦਿੱਤਾ ਤਾਂ ਉਸਨੇ ਉਹ ਵਾਪਸ ਕਰ ਦਿੱਤਾ, ਜਿਸ ਨਾਲ ਭਾਰਤੀ ਸਮਾਜ ਵਿੱਚ ਉਸਦੀ ਸੋਭਾ ਵਧ ਗਈ।

13 **ਪ੍ਰਭਾਵ** :-> ਨਵੰਬਰ, 1936 ਵਿੱਚ ਉਸਨੇ ਪੀਪਲੀ ਵਿਖੇ ਆਪਣੇ ਚਿੱਤਰਾਂ ਦੀ ਪ੍ਰਦਰਸ਼ਨੀ ਲਾਈ। ਉਸਨੇ ਕਾਰਲ ਖੰਡੇਲਵਾਲਾ ਦਾ ਕਲਾ - ਸੰਗ੍ਰਹਿ ਦੇਖਿਆ, ਤਾਂ ਉਹ ਪਹਾੜੀ ਪੇਂਟਿੰਗ ਤੋਂ ਵਿਸ਼ੇਸ਼ ਤੌਰ ਤੇ ਪ੍ਰਭਾਵਿਤ ਹੋਈ। ਉਸਨੂੰ ਕਾਂਗੜਾ ਸਕੂਲ ਤੇ ਮੁਗਲ ਲਘੂ ਚਿੱਤਰਾਂ ਦੀ ਅਤਿ ਉੱਤਮ ਤੇ ਮਨਮੋਹਨੀ-ਖੇਸ਼ ਲੱਗੀ। ਉਸਨੂੰ ਏਲੋਰਾ, ਅਜੰਤਾ, ਹੈਦਰਾਬਾਦ, ਕੰਨਿਆਕੁਮਾਰੀ ਤੇ ਕੋਚੀਨ ਦੇ ਮੰਦਿਰਾਂ ਤੇ ਮੂਰਤੀਕਲਾ ਤੇ ਗੁਫਾਵਾਂ ਦੇ ਭਿੱਤੀ ਚਿੱਤਰਾਂ ਦੀ ਖ਼ੂਬਸੂਰਤੀ ਬਹੁਤ ਪਸੰਦ ਆਈ।

14 **ਹੈਦਰਾਬਾਦ ਵਿੱਚ** :-> ਹੈਦਰਾਬਾਦ ਵਿੱਚ ਉਸਨੇ ਆਪਣੀਆਂ ਪੇਂਟਿੰਗ ਦੀ ਨੁਮਾਇਸ਼ ਉੱਤੇ 'ਪਗੜੀ ਉੱਤਰੇ ਪੀਛੇ' ਢਾਈ ਸੌ ਰੁਪਏ ਵਿੱਚ ਵੇਚੀ। ਉਹ ਆਪਣੀਆਂ ਦੋ ਪੇਂਟਿੰਗ 'ਛੋਟੀ ਪਈ ਨੰਗੀ ਔਰਤ' ਅਤੇ 'ਤਿੰਨ ਕੁੜੀਆਂ' ਨਵਾਬ ਸਲਾਰ ਜੰਗ ਨੂੰ ਵੇਚਣਾ ਚਾਹੁੰਦੀ ਸੀ। ਪਰ ਉਸਨੇ ਨਵਾਬ ਦੇ ਮਹੱਲ ਵਿਚਲੀਆਂ ਫਜ਼ੂਲ ਕਿਸਮ ਦੀਆਂ ਪੇਂਟਿੰਗ ਦੀ ਤਾਰੀਫ਼ ਨਾ ਕੀਤੀ, ਇਸ ਕਰਕੇ ਨਵਾਬ ਨੇ ਉਸਦੀਆਂ ਪੇਂਟਿੰਗਾਂ ਨਾ ਖ਼ਰੀਦੀਆਂ। ਪਰ ਇਹ ਸੱਚ ਹੈ ਕਿ ਉਸ ਨੇ ਨਵਾਬ ਦੀਆਂ ਪੇਂਟਿੰਗ ਦੀ ਝੂਠੀ ਤਾਰੀਫ਼ ਨਹੀਂ ਸੀ ਕੀਤੀ।

15. ਦੱਖਣ ਦਾ ਦੌਰਾ :→ ਉਸਨੂੰ ਦੱਖਣ ਦੇ ਕਾਲੇ ਕਲੂਟੇ ਮਰਦਾਂ,
ਔਰਤਾਂ ਅਤੇ ਬੱਚਿਆਂ ਤੇ ਗਰੀਬਾਂ
ਅਤੇ ਦੁਖੀਆਂ ਨੇ ਮੋਹ ਲਿਆ। ਉਸਨੂੰ ਭਾਰਤ ਦੇ ਮੰਦਰਾਂ
ਦੀਆਂ ਅਪਸਰਾਵਾਂ ਤੇ ਯਕਸ਼ਣੀਆਂ ਦੀ ਕਾਮੁਕਤਾ ਤੇ ਵਿਸ਼ਾਲਤਾ
ਆਪਣੇ ਢੰਗ ਦਾ ਪ੍ਰਗਟਾਵਾ ਹੀ ਜਾਪਿਆ। ਦੱਖਣੀ ਭਾਰਤ
ਦੇ ਦੌਰੇ ਸਮੇਂ ਉਸਨੇ ਦੱਖਣੀ ਚਿੱਤਰਾਂ ਦੀ ਤ੍ਰਿਕੜੀ ਰਚੀ,
ਜਿਨ੍ਹਾਂ ਵਿਚ ਬ੍ਰਹਮਚਾਰੀ, ਮੰਡੀ ਨੂੰ ਜਾਂਦੇ ਕਿਸਾਨ
ਅਤੇ ਕੇਲੇ ਵੇਚਣ ਵਾਲੀਆਂ, ਇਸਦੇ ਕਲਾ ਦੇ ਸਿਖਰ
ਦੀਆਂ ਮਿਸਾਲਾਂ ਹਨ। ਉਸਨੇ 'ਬ੍ਰਹਮਚਾਰੀ' ਤੇ 'ਦੁਲਹਨ ਦਾ ਸ਼ਿੰਗਾਰ'
ਦੀ ਰੰਗ-ਵਿਉਂਤ ਬਾਰੇ ਕਾਰਲ ਖੰਡਾਲਵਾਲਾ ਨੂੰ ਚਿੱਠੀ ਵਿਚ
ਲਿਖਿਆ। ਅਸਲ ਵਿੱਚ ਚਿੱਤਰ ਬਣਾਉਂਦਿਆਂ ਅੰਮ੍ਰਿਤਾ
ਕਿਸੇ ਵਿਸ਼ੇਸ਼ ਵਿਅਕਤੀ ਤੇ ਉਸਦੀ ਸ਼ਕਲ-ਸੂਰਤ ਵਿੱਚ ਇੰਨੀ
ਦਿਲਚਸਪੀ ਨਹੀਂ ਸੀ ਲੈਂਦੀ ਜਿੰਨੀ ਉਸਦੇ ਚਰਿੱਤਰ ਚਿਤ੍ਰਣ,
ਰੰਗ ਤੇ ਵਿਉਂਤ ਵਿੱਚ।

16. ਖਾਣ-ਪੀਣ :→ ਉਸਨੂੰ ਲਜ਼ੀਜ਼ ਖਾਣਾ ਬੜਾ ਪਸੰਦ ਸੀ।
ਉਹ ਭਿੰਨ ਨਾਲੋਂ ਭਿੰਨ ਨਵੇਂ ਖਾਣੇ ਆਪ ਹੀ ਆਪਣੇ
ਹੱਥ ਤਿਆਰ ਕਰਦੀ ਸੀ। ਇਸਦੇ ਨਾਲ ਹੀ ਬੀਅਰ ਜਾਂ
ਵਾਈਨ ਦਾ ਗਲਾਸ ਵੀ ਪੀਂਦੀ ਸੀ। ਉਸਦੇ ਦੋ ਰੂਪ
ਸਨ — ਰਈਅਸ ਅਤੇ ਪੇਂਡੂ ਫੱਕੜ। ਜਦੋਂ ਵੀ
ਉਸਨੇ ਪੇਂਡੂ ਘਰ ਦੇ ਕੱਪੜੇ ਪਹਿਨੇ, ਉਸਦਾ ਰੂਪ ਅਨੂਪ
ਨਿਖਰ ਆਇਆ।

17. ਵਿਆਹ :- ਅੰਮ੍ਰਿਤਾ 1938 ਈ. ਵਿਚ ਹੰਗਰੀ ਚਲੀ ਗਈ। ਉੱਥੇ ਉਸਨੇ ਆਪਣੇ ਮਾਸੀ ਦੇ ਪੁੱਤ ਡਾ. ਵਿਕਟਰ ਐਗਨ ਨਾਲ ਮਾਪਿਆਂ ਦੀ ਰਜ਼ਾ ਦੇ ਵਿਰੁੱਧ ਜਾ ਕੇ ਵਿਆਹ ਕਰਵਾ ਲਿਆ। ਉਹ ਸੋਚਦੀ ਸੀ ਕਿ ਅਗਰ ਭਾਰਤੀ ਨੌਜਵਾਨ ਨਾਲ ਵਿਆਹ ਕਰਦਾ ਹੈ ਉਸਦੀ ਨਿਭ ਨਹੀਂ ਸਕਦੀ ਕਿਉਂਕਿ ਉਹ ਬੜਾ ਰੂੜ੍ਹੀਵਾਦ, ਸੀਮਤ ਧਾਰਮਿਕਤਾ ਅਤੇ ਸਾਮੰਤ ਹੁੰਦੇ ਹਨ। ਉਹ ਔਰਤ ਨੂੰ ਜਾਗੀਰ ਸਮਝਦੇ ਹਨ। ਜਦੋਂ ਅੰਮ੍ਰਿਤਾ ਦੇ ਮਾਪਿਆਂ ਨੇ ਉਸਦੀਆਂ ਚਿੱਠੀਆਂ ਪੜ੍ਹੀਆਂ ਤਾਂ ਉਨ੍ਹਾਂ ਨੂੰ ਉਸਦੀਆਂ ਗਾਲ੍ਹੀਆਂ ਭਾਰਤ ਬਾਰੇ ਪੜ੍ਹ ਦੁੱਖ ਹੋਇਆ ਅਤੇ ਉਨ੍ਹਾਂ ਗੁੱਸੇ ਵਿਚ ਚਿੱਠੀਆਂ ਸਾੜ ਦਿੱਤੀਆਂ ਜਿਸ ਨਾਲ ਅੰਮ੍ਰਿਤਾ ਨੂੰ ਬਹੁਤ ਦੁੱਖ ਹੋਇਆ।

18. ਇਕੱਲਾਪਣ ਅਤੇ ਉਦਾਸੀ :- ਅੰਮ੍ਰਿਤਾ ਕੁਝ ਸਮਾਂ ਆਪਣੇ ਪਤੀ ਦੇ ਨਾਲ ਦਿੱਲੀ ਵਿੱਚ ਰਹੀ। ਉਸਦੇ ਪਤੀ ਨੂੰ ਸਰ ਸੁੰਦਰ ਸਿੰਘ ਮਜੀਠੀਆ ਦੀ ਗੋਰਖਪੁਰ ਨੇੜੇ ਦੀ ਸ਼ੂਗਰ ਮਿੱਲ ਵਿੱਚ ਨੌਕਰੀ ਮਿਲ ਗਈ। ਪਰ ਦੀ ਆਮਦਨ ਵਧਾਉਣ ਲਈ ਨਾ ਚਾਹੁੰਦੇ ਹੋਏ ਵੀ ਉਸਨੇ ਪੋਰਟ੍ਰੇਟ ਬਣਾਏ। ਇਸ ਸਮੇਂ ਦੌਰਾਨ ਉਹ ਬਹੁਤੀ ਖ਼ੁਸ਼ ਨਹੀਂ ਸੀ। ਭਾਵੇਂ ਉਸ ਦਾ ਪਤੀ ਉਸ ਨਾਲ ਬਹੁਤ ਪਿਆਰ ਕਰਦਾ ਸੀ, ਪਰ ਉਸ ਵਿੱਚ ਇੱਕ ਇਕੱਲਾਪਣ ਜਿਹਾ ਵੀ ਸੀ। ਉਸਨੇ ਆਪਣੀ ਉਦਾਸੀ ਨੂੰ ਆਪਣੀ ਤੈਰ ਵਿਚ ਸਾਰਸਾਂ ਦੀ ਪ੍ਰਗਟਾਇਆ। ਉਸਨੇ ਆਪਣੀ ਨੂੰ ਇੱਕ ਚਿੱਠੀ ਲਿਖੀ ਜਿਸ ਵਿਚ ਉਸਨੇ ਆਪਣੀ ਉਦਾਸੀ ਦੇ ਖੁਲਾਸਾ ਕੀਤਾ ਸੀ।

19. ਲਾਹੌਰ ਵਿੱਚ :→ 1941 ਈ. ਵਿੱਚ ਅੰਮ੍ਰਿਤਾ ਆਪਣੇ ਪਤੀ ਸਮੇਤ ਲਾਹੌਰ ਆ ਗਈ। ਉਸਨੇ ਆਪਣੇ ਘਰ ਵਿਚ ਸਟੂਡੀਓ ਬਣਾਇਆ। ਉਸਨੇ ਇੱਥੇ ਆਪਣੀ ਅਧੂਰੀ ਤਸਵੀਰ 'ਗਵਾਂਢ ਦੇ ਘਰ ਦਾ ਵਿਹੜਾ' ਦ੍ਰਿਸ਼ ਅਤੇ 'ਪਿੰਜਰੇ ਪੰਛੀਆਂ ਰਾਹੀਆਂ ਸੱਥਾਂ' ਸ਼ੁਰੂ ਕੀਤੀ। ਉਸਦੀਆਂ ਪੇਂਟਿੰਗਾਂ ਦੀ ਕੀਮਤ 250 ਤੋਂ 400 ਰੁਪਏ ਤੱਕ ਹੋ ਗਈ ਸੀ। ਅੰਮ੍ਰਿਤਾ ਨੂੰ ਆਪਣੀ ਪੇਂਟਿੰਗ 'ਸਾਹੇ ਟੋਕੇ ਵਿਚ ਲਗਾਉਣੇ ਪਏ' ਲਈ 250 ਰੁਪਏ ਦੀ ਪੇਸ਼ਕਸ਼ ਹੋਈ ਪਰ ਇਸਨੇ ਪੈਸੇ ਪੇਸ਼ ਕਰਨ ਵਾਲੇ ਉਸਨੇ ਕਿਸੇ ਹੋਰ ਦੇ ਹੱਥੋਂ ਦੇਣ ਦਾ ਫੈਸਲਾ ਕੀਤਾ। ਅਖੀਰ ਉਸਦੇ ਰਾਜਾ ਡੀ. ਐਸ. ਮਜੀਠੀਆ ਨੇ ਉਸਦੀ ਪੇਂਟਿੰਗ ਖਰੀਦ ਲਈ।

20. ਅੰਮ੍ਰਿਤਾ ਦੀ ਮੌਤ :→ ਜਿਸ ਸਮੇਂ ਅੰਮ੍ਰਿਤਾ ਆਪਣੀ ਪ੍ਰਦਰਸ਼ਨੀ ਲਈ ਤਿਆਰ ਹੋ ਰਹੀ ਸੀ ਤਾਂ ਉਹ ਅਚਾਨਕ ਬੀਮਾਰ ਹੋ ਗਈ। ਉਸਦੇ ਪਤੀ ਨੇ ਉਸਦਾ ਬੜਾ ਇਲਾਜ ਕੀਤਾ, ਪਰ ਕੋਈ ਅਸਰ ਨਾ ਹੋਇਆ। 5 ਦਸੰਬਰ 1941 ਵਿੱਚ ਉਸਦੀ ਮੌਤ ਹੋ ਗਈ। ਇਸ ਗੱਲ ਦਾ ਉਸਦੇ ਸਾਥੀਆਂ ਨੂੰ ਬੜਾ ਦੁੱਖ ਲੱਗਾ। ਉਸਦੀ ਭੈਣ ਅਤੇ ਕੋਈ ਦਿੱਲੀ ਤੋਂ ਆਏ। ਉਨ੍ਹਾਂ ਉਸਦੀ ਅਰਥੀ ਦਾ ਪ੍ਰਬੰਧ ਕੀਤਾ। ਸਿੱਖ ਰਸਮਾਂ ਨਾਲ ਉਸਦਾ ਸਸਕਾਰ ਕੀਤਾ ਗਿਆ। ਪਿਤਾ ਨੇ ਚਿਖਾ ਨੂੰ ਅੱਗ ਦਿੱਤੀ ਅਤੇ ਗ੍ਰੰਥੀ ਸਿੰਘ ਜੀ ਨੇ ਵਿਛੜੀ ਰੂਹ ਲਈ ਸ਼ਾਂਤੀ ਦੀ ਅਰਦਾਸ ਕੀਤੀ।